# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਵੱਲ

(ਨੋਟਿਸ ਬੋਰਡ , ਈ-ਮੇਲ ਅਤੇ ਵੈੱਬਸਾਈਟ ਰਾਹੀਂ)

ਸਮੂਹ ਸਕੂਲ ਮੁੱਖੀ (ਸੈਸਿੱ/ਐਸਿੱ),
ਪੰਜਾਬ।

ਮੀਮੋ ਨੰ: SCERT/50/2021-SDP-SCERT /254505/21-25/ 552 - 556

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ,16-08-2023

Subject:- Veer Gatha Project ਸੰਬੰਧੀ।

ਹਵਾਲਾ: Joint Secretary (Institutions & Training Bureau)), Department of School Education & Literacy (Do SE&L), Ministry of Education, GOI ਵੱਲੋਂ ਪ੍ਰਾਪਤ D.O. No F-1-60/2023-INS.3 Dated 13th July, 2023 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਅਨੁਸਾਰ Veer Gatha Project ਦੀ ਸਥਾਪਨਾ 2021 ਵਿੱਚ Gallantry Awards Portal (GAP) ਦੇ ਤਹਿਤ ਕੀਤੀ ਗਈ ਸੀ, ਜਿਸਦਾ ਉਦੇਸ਼ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਅਤੇ ਉਨ੍ਹਾਂ ਵਿੱਚ ਨਾਗਰਿਕ ਚੇਤਨਾ ਦੀਆਂ ਕਦਰਾਂ-ਕੀਮਤਾਂ ਪੈਦਾ ਕਰਨ ਲਈ ਬਹਾਦਰੀ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੇ ਬਹਾਦਰੀ ਦੇ ਕੰਮਾਂ ਅਤੇ ਦਿਲਾਂ ਦੇ ਵੇਰਵਿਆਂ ਦਾ ਪ੍ਰਸਾਰ ਕਰਨਾ ਸੀ।

2.0 ਸਾਲ 2023-24 ਵਿੱਚ ਰੱਖਿਆ ਮੰਤਰਾਲੇ (MoD) ਨੇ ਸਿੱਖਿਆ ਮੰਤਰਾਲੇ (MOE) ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ Veer Gatha Project 3.0 ਦਾ ਆਯੋਜਨ concept ਨੋਟ ਵਿੱਚ ਦਰਸਾਈਆਂ ਸਮਾਂ- ਸੀਮਾਵਾਂ ਅਨੁਸਾਰ ਕੀਤਾ ਜਾਵੇਗਾ। (concept ਨੋਟ ਦੀ ਕਾਪੀ ਨੱਥੀ)

3.0 ਇਸ ਪ੍ਰੋਜੈਕਟ ਅਧੀਨ ਰੱਖਿਆ ਮੰਤਰਾਲਾ ਦੇਸ਼ ਭਰ ਦੇ ਸਕੂਲਾਂ ਲਈ ਵਰਚੁਅਲ/ਆਹਮਣੇ-ਸਾਹਮਣੇ ਜਾਗਰੂਕਤਾ ਪ੍ਰੋਗਰਾਮਾਂ/ ਸੈਸ਼ਨਾਂ ਦਾ ਆਯੋਜਨ ਕਰੇਗਾ।

4.0 ਵਿਦਿਆਰਥੀ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਬਹਾਦਰੀ ਪੁਰਸਕਾਰ ਜੇਤੂਆਂ 'ਤੇ ਵੱਖ-ਵੱਖ ਪ੍ਰੋਜੈਕਟ ਜਿਵੇਂ ਕਿ ਕਵਿਤਾ/ਪੈਰਾ/ਕਹਾਣੀ/ਡਰਾਇੰਗ/ ਵੀਡੀਓ ਬਣਾ ਸਕਦੇ ਹਨ।

5.0 ਵਿਦਿਆਰਥੀਆਂ ਦੁਆਰਾ ਆਪਣੀਆਂ ਐਂਟਰੀਆਂ 22 ਭਾਸ਼ਾਵਾਂ ਅਤੇ ਅੰਗਰੇਜ਼ੀ ਵਿੱਚੋਂ ਕਿਸੇ ਵਿੱਚ ਵੀ ਭੇਜੀਆਂ ਜਾ ਸਕਦੀਆਂ ਹਨ।

Scanned with OKEN Scanner

6.0 ਹਰ ਪੱਧਰ ਜਿਵੇਂ ਕਿ ਜ਼ਿਲ੍ਹਾ ਪੱਧਰ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਜੇਤੂ ਚੁਣੇ ਜਾਣਗੇ ਅਤੇ ਰਾਸ਼ਟਰੀ ਪੱਧਰ 'ਤੇ ਜੇਤੂ ਨੂੰ ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਅਤੇ ਰੱਖਿਆ ਮੰਤਰਾਲੇ, ਭਾਰਤ ਸਰਕਾਰ ਦੁਆਰਾ ਸਾਂਝੇ ਤੌਰ 'ਤੇ ਦਿੱਲੀ ਵਿਖੇ ਸਨਮਾਨਿਤ ਕੀਤਾ ਜਾਵੇਗਾ।

7.0 ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਅਤੇ ਰੱਖਿਆ ਮੰਤਰਾਲੇ, ਭਾਰਤ ਸਰਕਾਰ ਵੱਲੋਂ ਦੇਸ਼ ਦੇ ਸਾਰੇ ਸਕੂਲ ਬੋਰਡਾਂ ਦੇ ਵਿਦਿਆਰਥੀਆਂ ਦੀ ਵੱਡੀ ਭਾਗੀਦਾਰੀ ਦੀ ਸਹੂਲਤ ਲਈ Veer Gatha 3.0 Project ਨੂੰ MyGov ਪਲੇਟਫਾਰਮ 'ਤੇ ਲਾਂਚ ਕੀਤਾ ਗਿਆ ਹੈ।

8.0 MyGov ਪਲੇਟਫਾਰਮ 'ਤੇ ਪ੍ਰਾਪਤ ਐਂਟਰੀਆਂ ਦਾ ਮੁਲਾਂਕਣ ਸਾਰੇ ਪੱਧਰਾਂ ਜਿਵੇਂ ਕਿ ਜ਼ਿਲ੍ਹਾ ਪੱਧਰ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਹੋਵੇਗਾ।

9.0 ਐਂਟਰੀਆਂ ਦੇ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਮੁਲਾਂਕਣ ਦੀ ਜ਼ਿੰਮੇਵਾਰੀ ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੀ ਹੋਵੇਗੀ।

10.0 ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਮੁਲਾਂਕਣ ਲਈ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।

11.0 ਸਾਲ 2023-24 ਦੌਰਾਨ Ministry of Defence ਵੱਲੋਂ Ministry of Education ਨਾਲ ਮਿਲ ਕੇ ਚਲਾਏ ਜਾ ਰਹੇ Veer Gatha Project 3.0 ਵਿੱਚ ਨਿਮਨ ਦਰਸਾਏ ਅਨੁਸਾਰ 4 ਕੈਟਾਗਰੀਆਂ ਲਈ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ:-

| S. No. | Categories | Activity/Entry in the form of following: | Suggestive Topic |
|---|---|---|---|
| 1 | Classes 3rd to 5th | Poem/Paragraph (150 words)/Painting | I. My role model is (Gallantry Award Winner) _______. The values which I have learnt from his/her life are.............<br>Or<br>II. _____ (Gallantry Award Winner) gave the supreme sacrifice for our nation. If given a chance for keeping his/her memory alive, I would like to..........<br>Or<br>III. Rani Lakshmibai came into my dream. She wanted me to serve our nation by........<br>Or |
| 2 | Classes 6th to 8th | Poem/Paragraph (300 words)/Painting/ Multi Media Presentation(Enactment Video) | |
| 3 | Classes 9th to 10th | Poem/Essay (750 words)/Painting/ Multi Media Presentation (Enactment Video) | |
| 4 | Classes 11th to 12th | Poem/Essay (1000 words)/Painting/ Multi Media | |

Scanned with OKEN Scanner

| | | | |
|---|---|---|---|
| | | Presentation(Enactment Video) | iv. 1857 Mutiny has been marked as First war of Indian Independence. The life story of ......... (Name of the freedom fighter) motivates me to ........<br>Or<br>v. Role of tribal Uprising in Freedom Struggle. |

12.0 ਉਕਤ ਦਰਸਾਈਆਂ ਗਤੀਵਿਧੀਆਂ ਅਤੇ ਪ੍ਰੋਜੈਕਟ ਦਾ ਸ਼ਡਿਊਲ ਨਿਮਨ ਅਨੁਸਾਰ ਹੋਵੇਗਾ:-

| ਲੜੀ ਨੰ | ਸਮਾਂ-ਸਾਰਣੀ | ਵੇਰਵੇ |
|---|---|---|
| 1 | ਮਿਤੀ 28-07-2023 ਤੋਂ 31-08-2023 ਤੱਕ | ਰੱਖਿਆ ਮੰਤਰਾਲਾ ਦੁਆਰਾ ਦੇਸ਼ ਭਰ ਦੇ ਸਕੂਲਾਂ ਲਈ ਵਰਚੁਅਲ/ਆਹਮਣੇ- ਸਾਹਮਣੇ ਜਾਗਰੂਕਤਾ ਪ੍ਰੋਗਰਾਮਾਂ/ ਸੈਸ਼ਨਾਂ ਦਾ ਅਯੋਜਨ |
| 2 | ਮਿਤੀ 28-07-2023 ਤੋਂ 15-09-2023 ਤੱਕ | ਹਰੇਕ ਸਕੂਲ ਦੀ ਹਰੇਕ ਕੈਟਾਗਰੀ :<br>Category-1(Class 3rd to 5th) : 01 best Entry<br>Category-2(Class 6th to 8th) : 01 best Entry<br>Category-3(Class 9th to 10th) : 01 best Entry<br>Category-4(Class 11th to 12th) : 01 best Entry<br>ਇੱਕ ਸਭ ਤੋਂ ਵਧੀਆ ਐਂਟਰੀ Mygov platform ਤੇ ਅਪਲੋਡ ਕੀਤੀ ਜਾਵੇਗੀ। ਇਸ ਤਰ੍ਹਾਂ ਹਰੇਕ ਸਕੂਲ 04 ਐਂਟਰੀਆ ਭੇਜ ਸਕਦਾ ਹੈ। ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਵੀ 04 ਐਂਟਰੀਆ ਭੇਜ ਸਕਦਾ ਹੈ। ਜਿਸ ਦੀ ਵੰਡ ਨਿਮਨ ਅਨੁਸਾਰ ਹੈ:-<br>1. ਹਾਈ ਸਕੂਲ (ਸਕੂਲ ਜਿਹਨਾਂ ਵਿੱਚ ਤੀਸਰੀ ਕਲਾਸ ਤੋਂ 10ਵੀਂ ਕਲਾਸ ਤੱਕ ਕਲਾਸਾਂ ਹੋਣ) : Category-1,2 & 3 ਲਈ ਇੱਕ-ਇੱਕ ਸਭ ਤੋਂ ਵਧੀਆ ਐਂਟਰੀ ਅਤੇ Category-1,2 & 3 ਵਿੱਚੋਂ ਕਿਸੇ ਇੱਕ ਵਿੱਚ ਸਭ ਤੋਂ ਵਧੀਆ ਐਂਟਰੀ ਭੇਜ ਸਕਦਾ ਹੈ। ਇਸ ਤਰ੍ਹਾਂ ਕੁੱਲ 04 ਐਂਟਰੀਆ ਭੇਜ ਸਕਦਾ ਹੈ।<br>2. ਮਿਡਲ ਸਕੂਲ (ਸਕੂਲ ਜਿਹਨਾਂ ਵਿੱਚ ਤੀਸਰੀ ਕਲਾਸ ਤੋਂ 8ਵੀਂ ਕਲਾਸ ਤੱਕ ਕਲਾਸਾਂ ਹੋਣ) : Category-1 & 2 ਲਈ ਇੱਕ-ਇੱਕ ਸਭ ਤੋਂ ਵਧੀਆ ਐਂਟਰੀ ਅਤੇ Category-1& 2 ਵਿੱਚੋਂ ਦੋ ਸਭ ਤੋਂ ਵਧੀਆ ਐਂਟਰੀਆਂ ਭੇਜ ਸਕਦਾ ਹੈ। ਇਸ ਤਰ੍ਹਾਂ ਕੁੱਲ 04 ਐਂਟਰੀਆ ਭੇਜ ਸਕਦਾ ਹੈ।<br>3. ਪ੍ਰਾਇਮਰੀ ਸਕੂਲ (ਸਕੂਲ ਜਿਹਨਾਂ ਵਿੱਚ ਤੀਸਰੀ ਕਲਾਸ ਤੋਂ 5ਵੀਂ ਕਲਾਸ ਤੱਕ ਕਲਾਸਾਂ ਹੋਣ) : Category-1 ਲਈ 04 ਸਭ ਤੋਂ ਵਧੀਆ ਐਂਟਰੀਆ ਭੇਜ ਸਕਦਾ ਹੈ। |
| 3 | ਮਿਤੀ 17-09-2023 ਤੋਂ 17-10-2023 | ਜਿਲ੍ਹਾ ਨੋਡਲ ਅਫਸਰ ਵੱਲੋਂ ਸਕੂਲਾਂ ਤੋਂ ਪ੍ਰਾਪਤ ਐਂਟਰੀਆਂ ਦਾ ਮੁਲਾਂਕਣ ਨਾਲ ਨੱਥੀ Annexure1 ਵਿੱਚ ਦਿੱਤੇ rubrics ਅਨੁਸਾਰ ਕਰਨ |

Scanned with OKEN Scanner

| | | |
|---|---|---|
| | ਤੱਕ | ਉਪਰੰਤ ਸਭ ਤੋਂ ਵਧੀਆ ਐਂਟਰੀਆਂ ਰਾਜ ਨੋਡਲ ਅਫ਼ਸਰ ਨੂੰ MyGov ਪੋਰਟਲ ਰਾਹੀਂ ਮੁਲਾਂਕਣ ਲਈ ਭੇਜੀਆਂ ਜਾਣਗੀਆਂ। |
| 4 | ਮਿਤੀ 19-10-2023 ਤੋਂ 10-11-2023 ਤੱਕ | ਜ਼ਿਲ੍ਹਾ ਨੋਡਲ ਅਫ਼ਸਰ ਵੱਲੋਂ ਰਾਜ ਨੋਡਲ ਅਫ਼ਸਰ ਨੂੰ MyGov ਪੋਰਟਲ ਰਾਹੀਂ ਮੁਲਾਂਕਣ ਲਈ ਭੇਜੀਆਂ ਐਂਟਰੀਆਂ ਦਾ ਮੁਲਾਂਕਣ ਨਾਲ ਨੱਥੀ Annexure1 ਵਿੱਚ ਦਿੱਤੇ rubrics ਅਨੁਸਾਰ ਕਰਨ ਉਪਰੰਤ ਸਭ ਤੋਂ ਵਧੀਆ ਐਂਟਰੀਆਂ MyGov ਪੋਰਟਲ ਰਾਹੀਂ ਮੁਲਾਂਕਣ ਨੈਸ਼ਨਲ ਪੱਧਰ 'ਤੇ ਭੇਜੀਆਂ ਜਾਣਗੀਆਂ। |
| 5 | ਮਿਤੀ 14-11-2023 ਤੋਂ 10-12-2023 ਤੱਕ | Ministry of Education ਦੁਆਰਾ ਬਣਾਈ ਕਮੇਟੀ ਵੱਲੋਂ ਨੈਸ਼ਨਲ ਪੱਧਰ ਤੇ ਮੁਲਾਂਕਣ ਕੀਤਾ ਜਾਵੇਗਾ |
| 6 | ਮਿਤੀ 15-12-2023 | ਕਮੇਟੀ ਵੱਲੋਂ ਨੈਸ਼ਨਲ ਪੱਧਰ ਦਾ ਨਤੀਜਾ Ministry of Education ਨੂੰ ਜਮ੍ਹਾਂ ਕਰਵਾਇਆ ਜਾਵੇਗਾ। |
| 7 | ਮਿਤੀ 20-12-2023 | ਕਮੇਟੀ ਵੱਲੋਂ ਤਿਆਰ ਕੀਤਾ ਨੈਸ਼ਨਲ ਪੱਧਰ ਦਾ ਨਤੀਜਾ Ministry of Education ਵੱਲੋਂ Ministry of Defence ਨੂੰ ਜਮ੍ਹਾਂ ਕਰਵਾਇਆ ਜਾਵੇਗਾ। |

13.0 Project Veer Gatha 3.0 ਅਧੀਨ ਦੇਸ਼ ਦੇ ਸਾਰੇ ਸਕੂਲ ਬੋਰਡਾਂ ਦੇ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਵਿਦਿਆਰਥੀਆਂ ਦੀ ਵੱਡੀ ਭਾਗੀਦਾਰੀ ਦੀ ਸਹੂਲਤ ਲਈ MyGov ਪਲੇਟਫਾਰਮ 'ਤੇ ਐਂਟਰੀਆਂ ਅੱਪਲੋਡ ਕੀਤੀਆਂ ਜਾਣ।

14.0 ਨੈਸ਼ਨਲ ਪੱਧਰ ਦੇ ਜੇਤੂਆਂ ਨੂੰ Ministry of Defence ਵੱਲੋਂ 10,000/- ਨਕਦ ਇਨਾਮ ਦਿੱਤਾ ਜਾਵੇਗਾ।

15.0 ਜਿਹੜੇ ਵਿਦਿਆਰਥੀਆਂ ਵੱਲੋਂ Mygov ਪੋਰਟਲ ਤੇ ਆਪਣੀਆਂ ਐਂਟਰੀਆਂ ਅਪਲੋਡ ਕੀਤੀਆਂ ਜਾਣਗੀਆਂ ਉਨ੍ਹਾਂ ਨੂੰ ਭਾਗੀਦਾਰੀ ਲਈ E-Ceritficate ਵੀ ਦਿੱਤੇ ਜਾਣਗੇ।

16.0 Veer Gatha Project (3.0) ਅਧੀਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਅਤੇ ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲਈ concept Note ਨਾਲ ਨੱਥੀ ਹੈ ਜੀ।

17.0 ਉਪਰੋਕਤ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਸਕੂਲਾਂ ਵੱਲੋਂ ਹੇਠ ਲਿਖੇ ਲਿੰਕਸ ਤੋਂ ਵੀ ਜਾਣਕਾਰੀ ਲਈ ਜਾ ਸਕਦੀ ਹੈ:-

The following links can be referred by schools:

i. Website www.gallantryawards.gov.in

to know in detail about the bravehearts.

ii. NCERT book on Paramvir Chakra Awardees at the link: https://ncert.nic.in/pdf/publication/otherpublications/veergatha.pdf

Scanned with OKEN Scanner

18.0 ਆਪ ਵੱਲੋਂ ਆਪਣੇ ਸਕੂਲਾਂ ਦੇ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ Project Veer Gatha 3.0 ਦੇ ਨਾਲ ਨੱਥੀ concept note ਦੀਆਂ ਹਦਾਇਤਾਂ, ਟਾਈਮ ਸ਼ਡਿਊਲ ਅਨੁਸਾਰ ਭਾਗ ਲੈਣ ਪ੍ਰੇਰਿਤ ਕੀਤਾ ਜਾਵੇ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ.ਪੰਜਾਬ

ਪਿੱਠ ਅੰਕਣ ਨੰ: ਉਕਤ /22-25/553-556 ਮਿਤੀ: ਐਸ.ਏ.ਐਸ. ਨਗਰ,16-08-2023

ਉਪਰੋਕਤ ਦਾ ਉਤਾਰਾ

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ ਟੂ ਡੀ.ਜੀ.ਐਸ.ਈ., ਪੰਜਾਬ।
3. ਪੀ.ਏ ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ/ਐਸਿੱ), ਪੰਜਾਬ ਨੂੰ ਸੂਚਨਾ ਹਿੱਤ ਅਤੇ
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),ਪੰਜਾਬ ਨੂੰ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਸਮੂਹ ਸਕੂਲ ਮੁੱਖੀਆਂ ਨੂੰ Project Veer Gatha 3.0 ਵਿੱਚ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰਨ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ.ਪੰਜਾਬ।

## ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ

**ਪਿਠ ਅੰਕਣ ਨੰ ਜੀ-1/1 ( ) 2023/ 5065 ਮਿਤੀ: 04/09/2023**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਸਰਕਾਰੀ/ਪ੍ਰਾਈਵੇਟ/ਏਡਿਡ/ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ ।**

Scanned with OKEN Scanner